ਦਫ਼ਤਰ ਜ਼ਿਲ੍ਹਾ ਚੋਣ ਅਫ਼ਸਰ, ਮਾਨਸਾ
OFFICE OF THE
DISTRICT ELECTION OFFICER, MANSA
(Room No. 44-45, 2nd Floor Mini Secretariat)
Phone/Fax No. 01652-227687 E-mail :-elman@punjab.gov.in

ਜ਼ਿੰਮੇਵਾਰ ਬਣੋ, ਵੋਟਰ ਬਣੋ — ਜ਼ਿੰਮੇਵਾਰ ਬਣੋ,

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਮਾਨਸਾ।
ਜ਼ਿਲ੍ਹਾ ਸਿੱਖਿਆ ਅਫ਼ਸਰ (ਐ)
ਮਾਨਸਾ।

ਨੰ. ਚੋਣ-2022/4524 ਮਿਤੀ:- 10-02-2022

ਵਿਸ਼ਾ:- ਵਿਧਾਨ ਸਭਾ ਚੋਣਾਂ -2022- ਚੋਣਾਂ ਦੌਰਾਨ ਹੋ ਰਹੀ ਵੈਬ ਕਾਸਟਿੰਗ ਸਬੰਧੀ।

ਮਿਤੀ 20/02/2022 ਨੂੰ ਪੰਜਾਬ ਵਿਧਾਨ ਸਭਾ ਦੀ ਹੋ ਰਹੀਆਂ ਆਮ ਚੋਣਾਂ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਜ਼ਿਲ੍ਹੇ ਦੇ ਹਾਈ/ਪ੍ਰਾਇਮਰੀ ਸਕੂਲਾਂ ਨੂੰ ਪੋਲਿੰਗ ਸਟੇਸ਼ਨ ਦੇ ਤੌਰ ਤੇ ਵਰਤਿਆ ਜਾਣਾ ਹੈ। ਇਹਨਾਂ ਪੋਲਿੰਗ ਸਟੇਸ਼ਨਾਂ ਵਿੱਚ ਵੈਬ ਕਾਸਟਿੰਗ ਲਈ ਮਿਤੀ 13/02/2022 (ਐਤਵਾਰ) ਅਤੇ 14/02/2022 (ਸੋਮਵਾਰ) ਨੂੰ ਕੈਮਰੇ ਸਥਾਪਿਤ (install) ਕੀਤੇ ਜਾਣੇ ਹਨ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ:

1. ਮਿਤੀ 13/02/2022 (ਐਤਵਾਰ) ਅਤੇ 14/02/2022 (ਸੋਮਵਾਰ) ਨੂੰ ਪੋਲਿੰਗ ਸਟੇਸ਼ਨਾਂ ਵਾਲੇ ਸਕੂਲ ਕੈਮਰਾ ਸਥਾਪਿਤ ਹੋਣ ਤੱਕ ਖੁੱਲ੍ਹੇ ਰੱਖੇ ਜਾਣ ਤਾਂ ਜੋ ਕੈਮਰੇ ਸਥਾਪਿਤ ਕਰਨ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ।

2. ਕੈਮਰਿਆਂ ਦੀ ਹਿਫ਼ਾਜ਼ਤ ਦਾ ਪੂਰਾ ਪ੍ਰਬੰਧ ਕੀਤਾ ਜਾਵੇ ਜਿਵੇਂ ਕਿ ਸਕੂਲ ਲੱਗਣ ਸਮੇਂ ਕੋਈ ਵੀ ਕੈਮਰੇ ਨਾਲ ਛੇੜ-ਛਾੜ ਨਾ ਕਰੇ ਅਤੇ ਸਕੂਲ ਬੰਦ ਹੋਣ ਤੋਂ ਬਾਅਦ ਇਸਦੀ ਨਿਗਰਾਨੀ ਕਰਵਾਉਣੀ ਯਕੀਨੀ ਬਣਾਈ ਜਾਵੇ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-
ਵਧੀਕ ਡਿਪਟੀ ਕਮਿਸ਼ਨਰ(ਯੂ.ਡੀ.)
ਮਾਨਸਾ।

ਪਿੱਠ ਅੰਕਣ ਨੰ. ਚੋਣ-2022/4525 ਮਿਤੀ:- 10-02-2022
ਉਪਰੋਕਤ ਦਾ ਉਤਾਰਾ:-

1. ਰਿਟਰਨਿੰਗ ਅਫ਼ਸਰ-ਕਮ- ਉਪ ਮੰਡਲ ਮੈਜਿਸਟਰੇਟ 96-ਮਾਨਸਾ, 97-ਸਰਦੂਲਗੜ੍ਹ, 98-ਬੁਢਲਾਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 13/02/2022 (ਐਤਵਾਰ) ਅਤੇ 14/02/2022 (ਸੋਮਵਾਰ) ਨੂੰ ਸਬੰਧਤ ਬੀ.ਐਲ.ਓ. ਦਾ ਪੋਲਿੰਗ ਸਟੇਸ਼ਨ ਤੇ ਹਾਜ਼ਰ ਰਹਿਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੈਮਰੇ ਸਥਾਪਿਤ ਕਰਨ ਵਿਚ ਕੋਈ ਮੁਸ਼ਕਲ ਪੇਸ਼ ਨਾ ਆਵੇ। ਕੈਮਰੇ ਸਥਾਪਿਤ ਕਰਨ ਵਾਲੀ ਟੀਮ ਵੱਲੋਂ ਬੀ.ਐਲ.ਓ. ਨਾਲ ਮੋਬਾਇਲ ਤੇ ਸੰਪਰਕ ਕਰ ਲਿਆ ਜਾਵੇਗਾ।
2. ਕਾਰਜਕਾਰੀ ਇੰਜੀਨਿਅਰ, ਪੀ.ਐਸ.ਪੀ.ਸੀ.ਐਲ. ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਮਿਤੀ 13/2/2022, 14/2/2022, 19/2/2022 ਅਤੇ 20/2/2022 ਨੂੰ ਨਿਰਵਿਘਨ ਬਿਜਲੀ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇ।

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-
ਵਧੀਕ ਡਿਪਟੀ ਕਮਿਸ਼ਨਰ(ਯੂ.ਡੀ.)
ਮਾਨਸਾ।

ਦਫ਼ਤਰ ਰਿਟਰਨਿੰਗ ਅਫ਼ਸਰ ਵਿਧਾਨ ਸਭਾ ਹਲਕਾ 097- ਸਰਦੂਲਗੜ੍ਹ

ਪੱਤਰ ਨੰਬਰ: ਚੋਣਾ 2022/ 1974-75 ਮਿਤੀ 11/02/2022
ਉਕਤ ਦਾ ਉਤਾਰਾ :

1. ਵਿਧਾਨ ਸਭਾ ਹਲਕਾ 97-ਸਰਦੂਲਗੜ੍ਹ ਦੇ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਨ੍ਹਾ ਸਕੂਲਾ ਵਿੱਚ ਪੋਲਿੰਗ ਸਟੇਸ਼ਨ/ਪੋਲਿੰਗ ਬੂਥ ਬਣੇ ਹਨ,ਇਨ੍ਹਾ ਸਕੂਲਾ ਵਿੱਚ ਵੈਬ ਕਾਸਟਿੰਗ ਲਈ ਕੈਮਰੇ ਇਨਸਟਾਲ ਕੀਤੇ ਜਾਣੇ ਹਨ.ਇਸ ਲਈ ਇਹ ਆਪਣੇ ਸਕੂਲ ਮਿਤੀ 13/02/2022 (ਐਤਵਾਰ) ਅਤੇ 14/02/2022(ਸੋਮਵਾਰ) ਨੂੰ ਖੁੱਲ੍ਹਾ ਰੱਖਣ ਅਤੇ ਇਨ੍ਹਾ ਕੈਮਰਿਆਂ ਦੀ ਹਿਫ਼ਾਜ਼ਤ ਦਾ ਪੂਰਾ ਪ੍ਰਬੰਧ ਕੀਤਾ ਜਾਵੇ ਕਿ ਇਨ੍ਹਾ ਕੈਮਰਿਆ ਨਾਲ ਕਿਸੇ ਕਿਸਮ ਦੀ ਕੋਈ ਛੇੜਖਾਨੀ ਨਾ ਕੀਤੀ ਜਾਵੇ।ਇਸ ਸਬੰਧੀ ਸਾਰੀ ਜ਼ੁੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।ਇਸ ਵਿੱਚ ਕਿਸੇ ਕਿਸਮ ਦੀ ਕੁਤਾਹੀ ਨਾ ਵਰਤੀ ਜਾਵੇ।
2. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿੰ:) ਮਾਨਸਾ ਨੂੰ ਸੂਚਨਾ ਅਤੇ ਕਾਰਵਾਈ ਹਿੱਤ।

# ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ।

ਪੱਤਰ ਨੰ: ਜੀ-2/ਚੋਣਾਂ/**202237792** ਮਿਤੀ ਮਾਨਸਾ: 12.02.2022

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਦੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਇੰਨ-ਬਿਨ ਯਕੀਨੀ ਬਣਾਈ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ। ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ।

(ਸੰਜੀਵ ਕੁਮਾਰ)
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)
ਮਾਨਸਾ।